BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਫਾਇਰ ਪ੍ਰੀਵੈਨਸ਼ਨ ਵੀਕ ਮਨਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (5 ਅਕਤੂਬਰ, 2023) – 7 ਤੋਂ 14 ਅਕਤੂਬਰ ਤੱਕ, ਸਿਟੀ ਆਫ ਬ੍ਰੈਂਪਟਨ ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services), ਨੈਸ਼ਨਲ ਫਾਇਰ ਪ੍ਰੋਟੈਕਸ਼ਨ ਐਸੋਸੀਏਸ਼ਨ® (ਐਨ.ਐਫ.ਪੀ.ਏ.®) (National Fire Protection Association®) (NFPA®) — ਜੋ ਫਾਇਰ ਪ੍ਰੀਵੈਨਸ਼ਨ ਵੀਕ (Fire Prevention Week) ਮਨਾਉਣ ਲਈ ਫਾਇਰ ਪ੍ਰੀਵੈਨਸ਼ਨ ਵੀਕ™ (Fire Prevention Week™) ਦੀ ਅਧਿਕਾਰਤ ਪ੍ਰਾਯੋਜਕ (ਸਪਾਂਸਰ) ਹੈ, ਦੇ ਨਾਲ ਇਕੱਠੇ ਮਿਲ ਕੇ ਕੰਮ ਕਰ ਰਹੇ ਹਨ, ਤਾਂ ਜੋ ਕਮਿਉਨਿਟੀ ਨੂੰ ਅੱਗ ਤੋਂ ਸੁਰੱਖਿਅਤ ਰਹਿਣ ਅਤੇ ਇਸਦੀ ਤਿਆਰੀ ਕਰਨ ਵਿੱਚ ਜਾਣਕਾਰੀ ਦੇਣ ਵਿੱਚ ਮਦਦ ਕੀਤੀ ਜਾ ਸਕੇ।

ਇਸ ਸਾਲ ਦਾ ਵਿਸ਼ਾ ਹੈ, *ਭੋਜਨ ਪਕਾਉਣ ਸਬੰਧੀ ਸੁਰੱਖਿਆ ਤੁਹਾਡੇ ਨਾਲ ਸ਼ੁਰੂ ਹੁੰਦੀ ਹੈ। ਅੱਗ ਦੀ ਰੋਕਥਾਮ ਤੇ ਧਿਆਨ ਦਿਓ।* ਐਨਬ੍ਰਿਜ ਗੈਸ (Enbridge Gas) ਵੱਲੋਂ ਪ੍ਰਾਯੋਜਿਤ, ਇਹ ਮੁਹਿੰਮ, ਹਰ ਕਿਸੇ ਨੂੰ ਅਸਾਨ ਪਰੰਤੂ ਅਜਿਹੀਆਂ ਮਹੱਤਵਪੂਰਣ ਕਾਰਵਾਈਆਂ ਬਾਰੇ ਜਾਣਕਾਰੀ ਦੇਣ ਲਈ ਕੰਮ ਕਰਦੀ ਹੈ, ਜੋ ਉਹ ਭੋਜਨ ਪਕਾਉਂਦੇ ਸਮੇਂ ਖੁਦ ਨੂੰ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਕਰ ਸਕਦੇ ਹਨ।

**ਰਸੋਈ ਵਿੱਚ ਸੁਰੱਖਿਅਤ ਰਹਿਣ ਲਈ ਸੁਝਾਅ**

- ਜੋ ਵੀ ਤੁਸੀਂ ਗਰਮ ਕਰੋ, ਉਸਦੀ ਨਿਗਰਾਨੀ ਰੱਖੋ। ਜੋ ਵੀ ਤੁਸੀਂ ਪਕਾ ਰਹੇ ਹੋ, ਹਮੇਸ਼ਾ ਉਸ ਉੱਤੇ ਨਜ਼ਰ ਰੱਖੋ। ਇੱਕ ਟਾਈਮਰ ਸੈੱਟ ਕਰੋ, ਜੋ ਤੁਹਾਨੂੰ ਯਾਦ ਕਰਵਾ ਸਕੇ ਕਿ ਤੁਸੀਂ ਭੋਜਨ ਪਕਾ ਰਹੇ ਹੋ।
- ਬਰਤਨ ਦੇ ਹੈਂਡਲਾਂ ਨੂੰ ਸਟੋਵ ਦੇ ਪਿੱਛੇ ਕਰਕੇ ਰੱਖੋ। ਭੋਜਨ ਪਕਾਉਂਦੇ ਸਮੇਂ ਹਮੇਸ਼ਾ ਢੱਕਣ ਨੂੰ ਨੇੜੇ ਰੱਖੋ। ਜੇਕਰ ਤੇਲ ਬਹੁਤ ਜ਼ਿਆਦਾ ਗਰਮ ਹੋਣ ਨਾਲ ਥੋੜ੍ਹੀ ਜਿਹੀ ਅੱਗ ਸ਼ੁਰੂ ਹੋ ਜਾਵੇ, ਤਾਂ ਪੈਨ ਤੇ ਢੱਕਣ ਨੂੰ ਸਰਕਾਓ ਅਤੇ ਬਰਨਰ ਬੰਦ ਕਰ ਦਿਓ।
- ਸਟੋਵ ਜਾਂ ਗ੍ਰਿੱਲ ਦੇ ਆਸਪਾਸ ਜਾਂ ਕਿਤੇ ਹੋਰ, ਘੱਟੋ-ਘੱਟ 3 ਫੁੱਟ (1 ਮੀਟਰ) ਦਾ "ਬੱਚਿਆਂ ਅਤੇ ਪਾਲਤੂ ਜਾਨਵਰਾਂ ਦੇ ਨਾ ਆਉਣ ਵਾਲਾ ਖੇਤਰ" ਬਣਾਓ, ਜਿੱਥੇ ਗਰਮ ਭੋਜਨ ਜਾਂ ਡ੍ਰਿੰਕ ਤਿਆਰ ਕੀਤੀ ਜਾਂਦੀ ਹੈ ਜਾਂ ਲਿਆਈ ਜਾਂਦੀ ਹੈ।

ਅੱਗ ਲੱਗਣ ਤੇ ਤੁਰੰਤ 9-1-1 ਤੇ ਫੋਨ ਕਰੋ! ਬਾਹਰ ਨਿੱਕਲ ਜਾਓ ਅਤੇ ਬਾਹਰ ਹੀ ਰਹੋ!

ਫਾਇਰ ਪ੍ਰੀਵੈਨਸ਼ਨ ਵੀਕ ਮਨਾਉਣ ਲਈ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ, ਫਾਇਰ ਸਟੇਸ਼ਨਾਂ ਵਿਖੇ ਓਪਨ ਹਾਊਸ ਆਯੋਜਿਤ ਕਰੇਗਾ ਅਤੇ ਪੂਰੇ ਸ਼ਹਿਰ ਵਿੱਚ ਫਾਇਰ ਸੇਫਟੀ ਡਿਸਪਲੇ ਦੀ ਮੇਜਬਾਨੀ ਕਰੇਗਾ।

**ਕਾਰਜਕਰਮ ਅਤੇ ਪੌਪ-ਅੱਪਸ**

**ਕੀ:** ਫਾਇਰ ਸੇਫਟੀ ਡਿਸਪਲੇ (Fire Safety Display)

**ਤਾਰੀਖ:** 7 ਅਕਤੂਬਰ

**ਸਮਾਂ:** ਸਵੇਰੇ 7:30 ਵਜੇ ਤੋਂ ਦੁਪਹਿਰ ਬਾਅਦ 2:00 ਵਜੇ ਤੱਕ

**ਕਿੱਥੇ:** ਫਾਰਮਰਸ ਮਾਰਕੀਟ (Farmers Market), ਗੇਜ ਪਾਰਕ (Gage Park)

**ਕੀ:** ਫਾਇਰ ਸੇਫਟੀ ਡਿਸਪਲੇ

**ਤਾਰੀਖ:** 7 ਅਕਤੂਬਰ

**ਸਮਾਂ:** ਸਵੇਰੇ 9:00 ਵਜੇ ਤੋਂ ਦੁਪਹਿਰ ਬਾਅਦ 1:00 ਵਜੇ ਤੱਕ

**ਕਿੱਥੇ:** Lowe's Home Improvement North, 10111 Heart Lake Road

**ਕੀ:** ਫਾਇਰ ਸੇਫਟੀ ਡਿਸਪਲੇ

**ਤਾਰੀਖ:** 7 ਅਕਤੂਬਰ

**ਸਮਾਂ:** ਸਵੇਰੇ 9:00 ਵਜੇ ਤੋਂ ਦੁਪਹਿਰ ਬਾਅਦ 1:00 ਵਜੇ ਤੱਕ

**ਕਿੱਥੇ:** Lowe's Home Improvement South, 370 Kennedy Rd S

**ਕੀ:** ਸਟੇਸ਼ਨ 213 ਓਪਨ ਹਾਊਸ (Station 213 Open House)

**ਕਦੋਂ:** 10 ਅਕਤੂਬਰ

**ਸਮਾਂ:** ਦੁਪਹਿਰ ਬਾਅਦ 3:30 ਵਜੇ ਤੋਂ ਸ਼ਾਮ 7:00 ਵਜੇ ਤੱਕ

**ਕਿੱਥੇ:** Station 213 Open House, 4075 Ebenezer Rd

**ਕੀ:** ਸਟੇਸ਼ਨ 205 ਓਪਨ ਹਾਊਸ

**ਕਦੋਂ:** 11 ਅਕਤੂਬਰ

**ਸਮਾਂ:** ਦੁਪਹਿਰ ਬਾਅਦ 3:30 ਵਜੇ ਤੋਂ ਸ਼ਾਮ 7:00 ਵਜੇ ਤੱਕ

**ਕਿੱਥੇ**: Station 205 Open House, 95 Sandalwood Pkwy

**ਕੀ:** ਸਟੇਸ਼ਨ 205 ਓਪਨ ਹਾਊਸ

**ਕਦੋਂ:** 12 ਅਕਤੂਬਰ, 2023

**ਸਮਾਂ:** ਦੁਪਹਿਰ ਬਾਅਦ 3:30 ਵਜੇ ਤੋਂ ਸ਼ਾਮ 7:00 ਵਜੇ ਤੱਕ

**ਕਿੱਥੇ:** Station 204 Open House, 657 Queen St

**ਕੀ:** ਫਾਇਰ ਸੇਫਟੀ ਡਿਸਪਲੇ

**ਤਾਰੀਖ:** 14 ਅਕਤੂਬਰ**,** 2023

**ਸਮਾਂ:** ਸਵੇਰੇ 10:00 ਵਜੇ ਤੋਂ ਦੁਪਹਿਰ ਬਾਅਦ 2:00 ਵਜੇ ਤੱਕ

**ਕਿੱਥੇ:** Bramalea City Centre, Lower level near Old Navy

ਫਾਇਰ ਪ੍ਰੀਵੈਨਸ਼ਨ ਵੀਕ ਅਤੇ ਭੋਜਨ ਪਕਾਉਣ ਸਬੰਧੀ ਸੁਰੱਖਿਆ ਬਾਰੇ ਵਧੇਰੇ ਆਮ ਜਾਣਕਾਰੀ ਲਈ, [www.bramptonfire.com](http://www.bramptonfire.com) ਅਤੇ [www.fpw.org](http://www.fpw.org) ਤੇ ਜਾਓ। ਬੱਚਿਆਂ ਲਈ ਅੱਗ ਤੋਂ ਸੁਰੱਖਿਆ ਦੀਆਂ ਮਜ਼ੇਦਾਰ ਗਤੀਵਿਧੀਆਂ ਲਈ, [sparky.org](http://sparky.org) ਤੇ ਜਾਓ।

**ਹਵਾਲੇ**

"ਇਸ ਸਾਲ ਦੇ ਫਾਇਰ ਪ੍ਰੀਵੈਨਸ਼ਨ ਵੀਕ ਦਾ ਵਿਸ਼ਾ, ਸਾਡੇ ਸਾਰਿਆਂ ਲਈ ਇੱਕ ਮਹੱਤਵਪੂਰਣ ਰਿਮਾਈਂਡਰ ਹੈ, ਜਦੋਂ ਭੋਜਨ ਪਕਾਉਂਦੇ ਸਮੇਂ ਸੁਰੱਖਿਅਤ ਰਹਿਣ ਦੀ ਗੱਲ ਆਉਂਦੀ ਹੈ। ਦੁਰਘਟਨਾਵਾਂ ਬਹੁਤ ਜਲਦੀ ਹੋ ਸਕਦੀਆਂ ਹਨ ਅਤੇ ਰਸੋਈ ਵਿੱਚ ਤਿਆਰ ਅਤੇ ਸੁਰੱਖਿਅਤ ਰਹਿਣਾ ਮਹੱਤਵਪੂਰਣ ਹੈ। ਮੈਂ ਵਸਨੀਕਾਂ ਨੂੰ ਸਲਾਹ ਦਿੰਦਾ ਹਾਂ ਕਿ ਬਾਹਰ ਨਿੱਕਲੋ ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਬਾਰੇ ਅਤੇ ਫਾਇਰ ਪ੍ਰੀਵੈਨਸ਼ਨ ਵੀਕ ਮਨਾਉਣ ਲਈ, 7 ਤੋਂ 14 ਅਕਤੂਬਰ ਤੱਕ ਸਾਡੀ ਕਮਿਊਨਿਟੀ ਵਿੱਚ ਹੋਣ ਵਾਲੇ ਕਾਰਜਕਰਮਾਂ ਵਿੱਚੋਂ ਇੱਕ ਵਿੱਚ ਅੱਗ ਤੋਂ ਸੁਰੱਖਿਆ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਅੱਗ ਤੋਂ ਸੁਰੱਖਿਆ, ਇੱਕ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ ਅਤੇ ਇਹ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ ਕਿ ਵਸਨੀਕ ਆਪਣੇ ਘਰਾਂ ਵਿੱਚ ਸੁਰੱਖਿਅਤ ਹਨ। ਮੈਂ ਸਾਰੇ ਵਸਨੀਕਾਂ ਨੂੰ ਸਲਾਹ ਦਿੰਦੀ ਹਾਂ ਕਿ ਉਹ ਫਾਇਰ ਪ੍ਰੀਵੈਨਸ਼ਨ ਵੀਕ ਦੇ ਦੌਰਾਨ, ਯਕੀਨੀ ਬਣਾਉਣ ਕਿ ਉਹਨਾਂ ਦੇ ਘਰ ਅੱਗ ਤੋਂ ਸੁਰੱਖਿਅਤ ਹਨ। ਇਹ ਯਕੀਨੀ ਬਣਾਉਣ ਕਿ ਘਰ ਵਿੱਚ ਹਰ ਕਿਸੇ ਨੂੰ ਰਸੋਈ ਦੇ ਨਿਯਮਾਂ ਬਾਰੇ ਪਤਾ ਹੈ, ਜ਼ਿੰਦਗੀਆਂ ਬਚਾ ਸਕਦਾ ਹੈ। ਮੈਂ, ਕਮਿਊਨਿਟੀ ਵਿੱਚ ਹੋਣ ਵਾਲੇ ਕਾਰਜਕਰਮਾਂ ਵਿੱਚ ਵਸਨੀਕਾਂ ਨੂੰ ਮਿਲਣ ਲਈ ਉਤਸ਼ਾਹਿਤ ਹਾਂ ਅਤੇ ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ ਦੇ ਸ਼ਾਨਦਾਰ ਕੰਮ ਲਈ ਉਹਨਾਂ ਦਾ ਧੰਨਵਾਦ ਕਰਦੀ ਹਾਂ, ਜੋ ਉਹ ਸਾਡੀ ਕਮਿਊਨਿਟੀ ਨੂੰ ਸੁਰੱਖਿਅਤ ਰੱਖਣ ਲਈ ਕਰਦੇ ਹਨ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਊਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਫਾਇਰ ਪ੍ਰੀਵੈਨਸ਼ਨ ਵੀਕ, ਲੋਕਾਂ ਲਈ ਇਹ ਯਕੀਨੀ ਬਣਾਉਣ ਦਾ ਸ਼ਾਨਦਾਰ ਸਮਾਂ ਹੈ ਕਿ ਉਹਨਾਂ ਦੇ ਘਰ ਅੱਗ ਤੋਂ ਸੁਰੱਖਿਅਤ ਹਨ ਅਤੇ ਇਹ ਕਿ ਉਹਨਾਂ ਕੋਲ ਅੱਗ ਲੱਗਣ ਦੀ ਸਥਿਤੀ ਵਿੱਚ ਬਚ ਕੇ ਨਿੱਕਲਣ ਦੀ ਯੋਜਨਾ ਹੈ। ਰਸੋਈ ਵਿੱਚ ਲੱਗਣ ਵਾਲੀ ਅੱਗ ਤੋਂ ਹੋਣ ਵਾਲੀਆਂ ਘਟਨਾਵਾਂ, ਘਰਾਂ ਵਿੱਚ ਅੱਗ ਲੱਗਣ ਦਾ ਮੁੱਖ ਕਾਰਨ ਹਨ ਅਤੇ ਬਹੁਤ ਜਲਦੀ ਵਾਪਰ ਸਕਦੀਆਂ ਹਨ। ਭੋਜਨ ਪਕਾਉਂਦੇ ਸਮੇਂ ਰਸੋਈ ਵਿੱਚ ਕੁਝ ਨਿਯਮਾਂ ਨੂੰ ਅਪਨਾ ਕੇ, ਵਸਨੀਕ ਖੁਦ ਨੂੰ ਅਤੇ ਆਪਣੇ ਪਿਆਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰ ਸਕਦੇ ਹਨ।"

- *ਐਂਡ੍ਰਿਊ ਵੋਨ ਹੋਟ (Andrew von Holt), ਐਕਟਿੰਗ ਫਾਇਰ ਚੀਫ, ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca